# ਬੀ ਸੀ ਫਾਰਮਾਕੇਅਰ

## ਔਫਲੋਡਿੰਗ ਯੰਤਰ (ਡਿਵਾਈਸਾਂ)

ਬੀ ਸੀ ਫਾਰਮਾਕੇਅਰ ਆਫਲੋਡਿੰਗ ਯੰਤਰਾਂ ਦੇ ਪੈਸੇ ਦੇਣ ਵਿੱਚ ਮਦਦ ਕਰਦਾ ਹੈ। ਔਫਲੋਡਿੰਗ ਯੰਤਰ ਫੁੱਟ ਆਰਥੋਟਿਕਸ ਅਤੇ ਅਡੈਪਟਿਡ ਜੁੱਤੀਆਂ ਹਨ ਜੋ ਲੋਕਾਂ ਦੀ ਸ਼ੂਗਰ ਕਾਰਨ ਹੋਏ ਪੈਰਾਂ ਦੇ ਅਲਸਰਾਂ ਤੋਂ ਠੀਕ ਹੋਣ ਵਿੱਚ ਮਦਦ ਕਰਦੀਆਂ ਹਨ।

### ਇਸ ਥੱਲੇ ਕੌਣ ਕਵਰ ਹੁੰਦਾ ਹੈ

ਇਹ ਕਵਰੇਜ ਉਹਨਾਂ ਲੋਕਾਂ ਲਈ ਉਪਲਬਧ ਹੈ ਜੋ:

- ਸ਼ੂਗਰ (ਡਾਇਬੀਟੀਜ਼) ਕਾਰਨ ਪੈਰਾਂ ਦੇ ਅਲਸਰ ਹੋਣ ਦੇ ਮਰੀਜ਼ ਹੋਣ
- ਪ੍ਰਵਾਨਿਤ ਬੀ ਸੀ ਆਊਟਪੇਸ਼ੰਟ ਜਾਂ ਐਂਬੂਲੇਟਰੀ ਕਲਿਨਿਕ ਵਿਖੇ ਯੋਗ ਇਲਾਜ ਪ੍ਰਾਪਤ ਕਰ ਰਹੇ ਹੋਣ
- ਔਫਲੋਡਿੰਗ ਯੰਤਰ ਵਲ ਜਾਣ ਲਈ ਤਿਆਰ ਹੋਣ
- ਫੇਅਰ ਫਾਰਮਾਕੇਅਰ, ਪਲੈਨ ਸੀ (ਬੀ ਸੀ ਇਨਕਮ ਅਸਿਸਟੈਂਸ), ਜਾਂ ਪਲੈਨ ਬੀ (ਲੌਂਗ-ਟਰਮ ਕੇਅਰ) ਦੇ ਅਧੀਨ ਕਵਰ ਹੋਣ

ਜੇ ਤੁਹਾਡੇ ਕੋਲ ਪਲੈਨ ਸੀ ਜਾਂ ਪਲੈਨ ਬੀ ਦੀ ਕਵਰੇਜ ਨਹੀਂ ਹੈ, ਤਾਂ ਫੇਅਰ ਫਾਰਮਾਕੇਅਰ ਪਲੈਨ ਲਈ ਰਜਿਸਟਰ ਹੋਵੋ। ਇਹ ਮੁਫ਼ਤ ਹੈ। ਕਵਰੇਜ ਤੁਹਾਡੀ ਆਮਦਨ 'ਤੇ ਆਧਾਰਿਤ ਹੈ। ਏਥੇ ਰਜਿਸਟਰ ਹੋਵੋ gov.bc.ca/ahdc ਜਾਂ ਸਾਨੂੰ 1-800-663-7100 'ਤੇ ਕਾਲ ਕਰੋ। ਫੇਅਰ ਫਾਰਮਾਕੇਅਰ ਥੱਲੇ ਕਵਰੇਜ ਦੀ ਰਾਸ਼ੀ ਤੁਹਾਡੀ ਸਾਲਾਨਾ ਡੀਡੱਕਟੀਵਲ ਅਤੇ ਪਰਿਵਾਰਕ ਮੈਕਸੀਮਮ 'ਤੇ ਅਧਾਰਤ ਹੈ।

1. ਤੁਹਾਡੇ ਪੈਰਾਂ ਦੇ ਅਲਸਰਾਂ ਦਾ ਇਲਾਜ ਪ੍ਰਵਾਨਿਤ ਬੀ ਸੀ ਆਊਟਪੇਸ਼ੰਟ ਜਾਂ ਐਂਬੂਲੇਟਰੀ ਕਲੀਨਿਕ ਵਿਚ ਹੋਣਾ ਚਾਹੀਦਾ ਹੈ।
2. ਕੋਈ ਕਲੀਨਿਕ ਨਰਸ ਜਾਂ ਡਾਕਟਰ ਇਹ ਫੈਸਲਾ ਕਰਦਾ ਹੈ ਕਿ ਤੁਸੀਂ ਦੋ ਹਫ਼ਤਿਆਂ ਦੇ ਅੰਦਰ ਇੱਕ ਔਫਲੋਡਿੰਗ ਯੰਤਰ 'ਤੇ ਤਬਦੀਲ ਹੋਣ ਲਈ ਤਿਆਰ ਹੋ।
3. ਕਲੀਨਿਕ ਤੁਹਾਨੂੰ ਫਾਰਮਾਕੇਅਰ ਵਿੱਚ ਨਾਮਜ਼ਦ ਇੱਕ ਆਰਥੋਟਿਸਟ ਕੋਲ ਭੇਜਦਾ ਹੈ। ਆਰਥੋਟਿਸਟ ਤੁਹਾਡੇ ਲਈ ਲਿਖੀਆਂ ਗਈਆਂ ਔਫਲੋਡਿੰਗ ਡਿਵਾਈਸਾਂ ਵਾਸਤੇ ਫਾਰਮਾਕੇਅਰ ਕਵਰੇਜ ਲੈਣ ਲਈ ਅਰਜ਼ੀ ਦੇਣ ਵਿਚ ਮਦਦ ਕਰ ਸਕਦਾ ਹੈ।

### ਹੋਰ ਜਾਣਕਾਰੀ ਲਈ

ਸਾਨੂੰ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 - ਤੋਂ ਸ਼ਾਮ 8 ਵਜੇ ਤੱਕ ਅਤੇ ਸ਼ਨਿਚਰਵਾਰ ਸਵੇਰੇ 8 ਵਜੇ- ਤੋਂ ਸ਼ਾਮ 4 ਵਜੇ ਤੱਕ ਕਾਲ ਕਰੋ

- ਲੋਅਰ ਮੇਨਲੈਂਡ ਤੋਂ: 604-683-7151
- ਬਾਕੀ ਬੀ.ਸੀ. ਤੋਂ, ਟੋਲ-ਫ੍ਰੀ: 1-800-663-7100

### ਆਨਲਾਈਨ ਸਰੋਤ

- ਫੇਅਰ ਫਾਰਮਾਕੇਅਰ ਲਈ ਰਜਿਸਟਰ ਹੋਵੋ: gov.bc.ca/ahdc
- ਪ੍ਰਵਾਨਿਤ ਆਊਟਪੇਸ਼ੇਂਟ ਅਤੇ ਐਂਬੂਲੇਟਰੀ ਕਲੀਨਿਕ: www.gov.bc.ca/PharmaCareTotalContactCastingClinics
- ਨਾਮਜ਼ਦ ਆਰਥੋਟਿਸਟ: www.gov.bc.ca/PharmaCareOrthoticProviders